**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ)**
**ਪੰਜਾਬ।**

**ਮੀਮੋ ਨੰ. -** SCERT/PPM/PRI-/2020 27244 **ਮਿਤੀ -** 22.01.2020

**ਵਿਸ਼ਾ:- ਅਧਿਆਪਕਾਂ/ਲੇਖਕਾਂ ਦੇ ਆਨ-ਡਿਊਟੀ ਜਾਣ ਬਾਰੇ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਕੂਲ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਅਧਿਆਪਕਾਂ ਵੱਲੋਂ ਵੱਖ-ਵੱਖ ਮੈਗਜ਼ੀਨਾਂ/ਅਖ਼ਬਾਰਾਂ ਲਈ ਲਿਖਦਿਆਂ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਅਧਿਆਪਕਾਂ ਵੱਲੋਂ ਸਾਹਿਤ ਦੇ ਖੇਤਰ ਅੰਦਰ ਬਹੁਤ ਚੰਗੀਆਂ ਪੁਸਤਕਾਂ ਵੀ ਲਿਖੀਆਂ ਗਈਆਂ ਹਨ ਅਤੇ ਬਹੁਤਿਆਂ ਨੂੰ ਤਾਂ ਸਾਹਿਤ ਅਕਾਦਮੀ, ਭਾਸ਼ਾ ਵਿਭਾਗ ਪੰਜਾਬ ਅਤੇ ਸਾਹਿਤ ਸਭਾਵਾਂ ਵੱਲੋਂ ਸਮੇਂ-ਸਮੇਂ ਸਿਰ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ।

3.0 ਸਕੂਲਾਂ ਅੰਦਰ ਕੰਮ ਕਰਦੇ ਸਾਹਿਤਕਾਰ ਅਧਿਆਪਕਾਂ/ਲੇਖਕਾਂ ਨੂੰ ਯੂਨੀਵਰਸਿਟੀਆਂ, ਕਾਲਜਾਂ, ਸਾਹਿਤ ਅਕਾਦਮੀਆਂ, ਭਾਸ਼ਾ ਵਿਭਾਗ ਪੰਜਾਬ, ਰਜਿਸਟਰਡ ਸੰਸਥਾਵਾਂ, ਸਰਕਾਰੀ ਅਤੇ ਅਰਧ-ਸਰਕਾਰੀ ਸੰਸਥਾਵਾਂ, ਸੰਚਾਰ-ਮਾਧਿਅਮ ਦੇ ਰਜਿਸਟਰਡ ਸਾਧਨਾਂ (ਟੀ.ਵੀ. ਅਤੇ ਰੇਡੀਓ) 'ਤੇ ਆਪਣੇ ਰਚਨਾ ਪੇਸ਼ ਕਰਨ, ਪ੍ਰਧਾਨਗੀ ਕਰਨ, ਰੂ-ਬ-ਰੂ ਹੋਣ, ਪੇਪਰ ਪੜ੍ਹਨ ਅਤੇ ਵਿਦਿਆਰਥੀਆਂ ਵਿੱਚ ਕਲਾਤਮਿਕ ਰੁਚੀਆਂ ਦਾ ਸੰਚਾਰ ਕਰਨ ਲਈ ਪੰਜਾਬ ਅੰਦਰ ਜਾਂਦੇ ਹਨ। ਜੇਕਰ ਇਹ ਅਧਿਆਪਕ/ਲੇਖਕ ਪੰਜਾਬ ਅੰਦਰ ਅਜਿਹੀਆਂ ਥਾਂਵਾਂ 'ਤੇ ਇੰਨ੍ਹਾਂ ਕੰਮਾਂ ਲਈ ਜਾਂਦੇ ਹਨ ਤਾਂ ਉਹਨਾਂ ਨੂੰ ਮਹੀਨੇ 'ਚ ਇਕ ਦਿਨ ਲਈ ਆਨ-ਡਿਊਟੀ ਸਮਝਿਆ ਜਾਵੇਗਾ।

4.0 ਜੇਕਰ ਇਨ੍ਹਾਂ ਕੰਮਾਂ ਲਈ ਅਧਿਆਪਕ/ਲੇਖਕ ਆਨ-ਡਿਊਟੀ ਜਾਂਦਾ ਹੈ ਤਾਂ ਇਹ ਆਪਣੀ ਕਾਰਵਾਈ ਦੀ ਰਿਪੋਰਟ ਆਪਣੇ ਸਕੂਲ ਮੁੱਖੀ ਨੂੰ ਵੀ ਪੇਸ਼ ਕਰੇਗਾ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਪਿੱਠ ਅੰਕਣ ਨੰ:** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. **ਪੀ.ਏ.ਟੂ. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**
2. **ਪੀ.ਏ.ਟੂ. ਡੀ.ਪੀ.ਆਈ. (ਸੈ.ਸਿੱ), ਪੰਜਾਬ।**
3. **ਪੀ.ਏ.ਟੂ. ਡੀ.ਪੀ.ਆਈ. (ਐ.ਸਿੱ), ਪੰਜਾਬ।**
4. **ਪੀ.ਏ.ਟੂ. ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ।**

**ਸਕੱਤਰ ਸਕੂਲ ਸਿੱਖਿਆ, ਪੰਜਾਬ**